U.S. ਨਿਆਂ ਵਿਭਾਗ ਕਮਿਊਨਿਟੀ ਰਿਲੇਸ਼ਨਸ ਸਰਵਿਸ

# ਨਸਲ 'ਤੇ ਗੱਲਬਾਤ ਰਾਹੀਂ ਟਕਰਾਅ ਨੂੰ ਬਦਲਣਾ ਅਤੇ ਹੱਲ ਵਿਕਸਿਤ ਕਰਨਾ

U.S. ਨਿਆਂ ਵਿਭਾਗ ਕਮਿਊਨਿਟੀ ਰਿਲੇਸ਼ਨਸ ਸਰਵਿਸ (CRS) ਨਸਲ 'ਤੇ ਗੱਲਬਾਤ ਪ੍ਰੋਗਰਾਮ ਇੱਕ ਪਰਸਪਰ ਪ੍ਰਭਾਵੀ, ਲਾਭਦਾਇਕ ਪ੍ਰਕਿਰਿਆ ਹੈ ਜੋ ਸੰਚਾਰ ਦੀਆਂ ਲਾਈਨਾਂ ਨੂੰ ਖੋਲ੍ਹਦੀ ਹੈ ਅਤੇ ਨਸਲੀ ਟਕਰਾਅ ਨੂੰ ਹੱਲ ਕਰਨ ਅਤੇ ਨਸਲੀ ਤਣਾਅ ਨੂੰ ਘਟਾਉਣ ਵਿੱਚ ਮਦਦ ਕਰਨ ਲਈ ਆਪਸੀ ਸਮਝ ਨੂੰ ਉਤਸ਼ਾਹਿਤ ਕਰਦੀ ਹੈ।

ਨਸਲ 'ਤੇ ਗੱਲਬਾਤ ਪ੍ਰੋਗਰਾਮ ਭਾਈਚਾਰੇ ਦੇ ਵੱਧ ਤੋਂ ਵੱਧ ਭਾਗੀਦਾਰਾਂ ਨੂੰ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰਨ, ਨਿੱਜੀ ਕਹਾਣੀਆਂ ਅਤੇ ਤਜ਼ਰਬਿਆਂ ਨੂੰ ਸਾਂਝਾ ਕਰਨ, ਇਮਾਨਦਾਰੀ ਨਾਲ ਦ੍ਰਿਸ਼ਟੀਕੋਣਾਂ ਨੂੰ ਪ੍ਰਗਟ ਕਰਨ, ਦ੍ਰਿਸ਼ਟੀਕੋਣਾਂ ਨੂੰ ਸਪੱਸ਼ਟ ਕਰਨ, ਅਤੇ ਭਾਈਚਾਰੇ ਦੇ ਮਸਲਿਆਂ ਦਾ ਨਿਪਟਾਰਾ ਕਰਨ ਵਾਲੇ ਹੱਲ ਵਿਕਸਿਤ ਕਰਨ ਲਈ ਆਹਮੋ-ਸਾਹਮਣੇ ਜਾਂ ਵਰਚੁਅਲ ਤੌਰ 'ਤੇ ਬੁਲਾਉਂਦਾ ਹੈ। ਸੰਵਾਦ ਡੂੰਘੀ ਸਮਝ ਬਣਾਉਣ ਲਈ ਸੁਣਨ 'ਤੇ ਜ਼ੋਰ ਦਿੰਦਾ ਹੈ ਅਤੇ ਭਾਗੀਦਾਰਾਂ ਨੂੰ ਉਨ੍ਹਾਂ ਦੀਆਂ ਧਾਰਨਾਵਾਂ ਉੱਪਰ ਸਵਾਲ ਕਰਨ ਅਤੇ ਮੁੜ ਮੁਲਾਂਕਣ ਕਰਨ ਲਈ ਉਤਸ਼ਾਹਿਤ ਕਰਦਾ ਹੈ। ਇਸ ਪ੍ਰਕਿਰਿਆ ਰਾਹੀਂ, ਭਾਗੀਦਾਰ ਆਪਣੇ ਭਾਈਚਾਰੇ ਵਿੱਚ ਨਸਲੀ ਸਬੰਧਾਂ ਅਤੇ ਨਸਲੀ ਸਮਾਨਤਾ ਨੂੰ ਬਿਹਤਰ ਬਣਾਉਣ ਲਈ ਮਿਲ ਕੇ ਕੰਮ ਕਰਨਾ ਸਿੱਖਦੇ ਹਨ।

## ਪ੍ਰੋਗਰਾਮ ਦੀ ਸੰਖੇਪ ਜਾਣਕਾਰੀ



ਹਰੇਕ ਚਲਾਇਆ ਜਾ ਰਿਹਾ ਸੰਵਾਦ ਸੈਸ਼ਨ ਵਿਅਕਤੀਗਤ ਤਜ਼ਰਬਿਆਂ ਨੂੰ ਸਾਂਝਾ ਕਰਨ, ਉਹਨਾਂ ਤਜ਼ਰਬਿਆਂ ਦੀ ਡੂੰਘੀ ਸਮਝ ਪ੍ਰਾਪਤ ਕਰਨ, ਸਮੂਹਿਕ ਕਾਰਵਾਈ ਕਰਨ ਲਈ ਵਚਨਬੱਧਤਾ ਲਈ ਇੱਕ ਪ੍ਰਕਿਰਿਆ ਰਾਹੀਂ ਵਿਅਕਤੀਆਂ ਨੂੰ ਰਸਤਾ ਦਿਖਾਉਂਦਾ ਹੈ। ਨਸਲ ਪ੍ਰੋਗਰਾਮ 'ਤੇ ਗੱਲਬਾਤ ਦੇ ਚਾਰ ਕਦਮ ਹਨ।

### ਕਦਮ 1

ਪਹਿਲਾ ਕਦਮ ਨਿੱਜੀ ਕਹਾਣੀਆਂ ਨੂੰ ਸਾਂਝਾ ਕਰਦੇ ਹੋਏ ਲਹਿਜਾ ਸੈੱਟ ਕਰਦਾ ਹੈ ਅਤੇ ਸਵਾਲ ਦੀ ਪੜਚੋਲ ਕਰਦਾ ਹੈ "ਅਸੀਂ ਕੌਣ ਹਾਂ?"

### ਕਦਮ 2

ਦੂਸਰਾ ਪੜਾਅ ਭਾਈਚਾਰੇ ਵਿੱਚ ਨਿੱਜੀ ਅਤੇ ਸਾਂਝੇ ਨਸਲੀ ਇਤਿਹਾਸ ਦੀ ਡੂੰਘੀ ਪੜਚੋਲ ਰਾਹੀਂ ਭਾਗੀਦਾਰਾਂ ਨੂੰ "ਅਸੀਂ ਕਿੱਥੇ ਹਾਂ?" ਨੂੰ ਸਮਝਣ ਵਿੱਚ ਮਦਦ ਕਰਦਾ ਹੈ।

### ਕਦਮ 3

ਤੀਜੇ ਪੜਾਅ ਦੇ ਦੌਰਾਨ, "ਅਸੀਂ ਕਿੱਥੇ ਹੋਣਾ ਚਾਹੁੰਦੇ ਹਾਂ?" ਸਵਾਲ ਦੇ ਜਵਾਬ ਵਿੱਚ, ਭਾਗੀਦਾਰ ਭਾਈਚਾਰੇ ਲਈ ਇੱਕ ਦ੍ਰਿਸ਼ਟੀਕੋਣ ਵਿਕਸਿਤ ਕਰਦੇ ਹਨ।

### ਕਦਮ 4

ਅੰਤ ਵਿੱਚ, ਚੌਥੇ ਪੜਾਅ ਵਿੱਚ, ਭਾਗੀਦਾਰ ਇਸ ਸਵਾਲ ਦਾ ਜਵਾਬ ਦਿੰਦੇ ਹਨ "ਅਸੀਂ ਵਿਅਕਤੀਗਤ ਤੌਰ 'ਤੇ ਅਤੇ ਦੂਜਿਆਂ ਨਾਲ ਮਿਲਕੇ ਇੱਕ ਫਰਕ ਲਿਆਉਣ ਲਈ ਕੀ ਕਰਾਂਗੇ?"

### ਭਾਈਚਾਰਿਆਂ ਨੂੰ ਨਸਲੀ ਟਕਰਾਅ ਨੂੰ ਸੁਲਝਾਉਣ ਅਤੇ ਤਣਾਅ ਘਟਾਉਣ ਲਈ ਨਸਲ 'ਤੇ ਗੱਲਬਾਤ ਪ੍ਰੋਗਰਾਮ ਬਾਰੇ ਵਿਚਾਰ ਕਿਉਂ ਕਰਨਾ ਚਾਹੀਦਾ ਹੈ?

ਇੱਕ ਸੰਵਾਦ ਪ੍ਰਕਿਰਿਆ ਸਮਝ ਵਿੱਚ ਸੁਧਾਰ ਕਰ ਸਕਦੀ ਹੈ ਅਤੇ ਭਾਈਚਾਰਿਆਂ ਨੂੰ ਉਹਨਾਂ ਤਬਦੀਲੀਆਂ ਵੱਲ ਕੰਮ ਕਰਨ ਲਈ ਪ੍ਰੇਰਿਤ ਕਰ ਸਕਦੀ ਹੈ ਜੋ ਨਸਲੀ ਟਕਰਾਅ ਨੂੰ ਸੰਬੋਧਿਤ ਕਰਦੇ ਹਨ ਅਤੇ ਭਾਈਚਾਰਕ ਤਣਾਅ ਨੂੰ ਘਟਾਉਂਦੇ ਹਨ।

### ਪ੍ਰੋਗਰਾਮ ਦੇ ਉਦੇਸ਼

**ਦ੍ਰਿਸ਼ਟੀਕੋਣਾਂ ਨੂੰ ਬਦਲਣਾ ਅਤੇ ਤਬਦੀਲੀ ਵੱਲ ਵਧਣਾ।**
ਸੰਵਾਦਾਂ ਵਿੱਚ ਭਾਗੀਦਾਰਾਂ ਵਿਚਕਾਰ ਸਾਂਝਾ ਕਰਨ ਤੋਂ ਅੱਗੇ ਜਾਣ ਦੀ ਸਮਰੱਥਾ ਹੁੰਦੀ ਹੈ ਅਤੇ ਇਹ ਤਬਦੀਲੀ ਲਈ ਉਤਪ੍ਰੇਰਕ ਹੋ ਸਕਦੀ ਹੈ।

ਇੱਕ ਢਾਂਚਾਗਤ, ਸਿਵਲ, ਅਤੇ ਸਥਾਨਕ ਨਸਲੀ ਇਤਿਹਾਸ ਦੀ ਸੂਚਿਤ ਸਾਂਝ ਅਤੇ ਵੱਖ-ਵੱਖ ਭਾਈਚਾਰਿਆਂ 'ਤੇ ਇਸ ਦੇ ਪ੍ਰਭਾਵ ਰਾਹੀਂ ਵੰਡੇ ਹੋਏ ਭਾਈਚਾਰਿਆਂ ਨੂੰ ਇੱਕਜੁੱਟ ਕਰਨਾ।

**ਹੱਲ ਵਿਕਸਿਤ ਕਰਨੇ।**
ਸੰਵਾਦ ਹੱਲ ਲੱਭਣ ਅਤੇ ਸਹਿਯੋਗੀ ਕਾਰਵਾਈਆਂ ਵਿੱਚ ਮਦਦ ਕਰਦਾ ਹੈ।

**ਆਮ ਸੀਮਾਵਾਂ ਤੋਂ ਪਾਰ ਜਾਣਾ।**
ਸੰਵਾਦਾਂ ਵਿੱਚ ਸਮੁੱਚਾ ਭਾਈਚਾਰਾ ਸ਼ਾਮਲ ਹੁੰਦਾ ਹੈ, ਜਿਸ ਨਾਲ ਸਾਂਝੇਦਾਰੀ ਦੇ ਨਵੇਂ, ਅਣਕਿਆਸੇ ਮੌਕੇ ਮਿਲਦੇ ਹਨ।

## CRS ਬਾਰੇ ▼

1964 ਦੇ ਸਿਵਲ ਰਾਈਟਸ ਐਕਟ ਦੇ ਟਾਈਟਲ X ਰਾਹੀਂ ਸਥਾਪਿਤ ਅਤੇ ਮੈਥਿਊ ਸ਼ਹਿਪਰਡ ਅਤੇ ਜੇਮਸ ਬਰਡ, ਜੂਨੀਅਰ, 2009 ਦੇ ਨਫ਼ਰਤ ਅਪਰਾਧ ਰੋਕਥਾਮ ਐਕਟ ਦੁਆਰਾ ਵਿਸਤਾਰ ਕੀਤਾ ਗਿਆ, CRS ਨਸਲ, ਰੰਗ, ਕੌਮੀ ਮੂਲ, ਲਿੰਗ, ਲਿੰਗਕ ਪਛਾਣ, ਜਿਨਸੀ ਝੁਕਾਅ, ਧਰਮ, ਅਤੇ ਅਪਾਹਜਤਾ ਦੇ ਭਿੰਨਤਾਵਾਂ ਦੇ ਆਧਾਰ 'ਤੇ ਤਣਾਅ ਜਾਂ ਟਕਰਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਲਈ "ਅਮਰੀਕਾ ਦੇ ਪੀਸਮੇਕਰ" ਵਜੋਂ ਕੰਮ ਕਰਦਾ ਹੈ। CRS ਸੇਵਾਵਾਂ ਦਾ ਉਦੇਸ਼ ਸਮੱਸਿਆ ਹੱਲ ਕਰਨ, ਵਧੇ ਹੋਏ ਗਿਆਨ, ਅਤੇ ਸੁਧਰੇ ਹੋਏ ਸੰਚਾਰ ਦੀ ਵਰਤੋਂ ਰਾਹੀਂ ਭਵਿੱਖੀ ਟਕਰਾਵਾਂ ਨੂੰ ਸੁਤੰਤਰ ਅਤੇ ਸਹਿਯੋਗੀ ਤੌਰ 'ਤੇ ਰੋਕਣ ਅਤੇ ਹੱਲ ਕਰਨ ਲਈ ਸਥਾਨਕ ਭਾਈਚਾਰਿਆਂ ਦੀ ਯੋਗਤਾ ਨੂੰ ਵਧਾਉਣਾ ਹੈ।

## CRS ਸੇਵਾਵਾਂ ਅਤੇ ਪ੍ਰੋਗਰਾਮ ▼

CRS ਤਣਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਨੂੰ ਪ੍ਰੋਗਰਾਮਾਂ ਦੀ ਇੱਕ ਲੜੀ ਮੁਹੱਈਆ ਕਰਾਉਂਦਾ ਹੈ ਜੋ ਸਮਝ ਪੈਦਾ ਕਰਦੇ ਹਨ, ਸਹਿਯੋਗ ਨੂੰ ਬਿਹਤਰ ਬਣਾਉਂਦੇ ਹਨ, ਅਤੇ ਭਵਿੱਖ ਦੇ ਟਕਰਾਅ ਨੂੰ ਰੋਕਦੇ ਹਨ। CRS ਦਾ ਸਟਾਫ ਪੇਸ਼ੇਵਰ ਵਿਚੋਲੇ, ਫੈਸਿਲੀਟੇਟਰ, ਟ੍ਰੇਨਰ, ਅਤੇ ਸਲਾਹਕਾਰ ਹਨ ਜਿਹਨਾਂ ਨੂੰ ਮੌਜੂਦਾ ਟਕਰਾਅ ਨੂੰ ਸੁਲਝਾਉਣ ਅਤੇ ਭਵਿੱਖ ਦੇ ਟਕਰਾਵਾਂ ਨੂੰ ਰੋਕਣ ਲਈ ਉਹਨਾਂ ਦੀ ਯੋਗਤਾ ਨੂੰ ਵਧਾਉਣ ਵਿੱਚ ਮਦਦ ਕਰਨ ਲਈ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਲਿਆਉਣ ਦਾ ਤਜ਼ਰਬਾ ਹੈ।

## ਅਸੀਂ ਕਿੱਥੇ ਕੰਮ ਕਰਦੇ ਹਾਂ ▼

**CRS ਹੈੱਡਕੁਆਰਟਰ**
ਵਾਸ਼ਿੰਗਟਨ, DC

**CRS ਖੇਤਰੀ ਦਫਤਰ**

**ਨਿਊ ਇੰਗਲੈਂਡ**
ਬੋਸਟਨ, MA

**ਉੱਤਰ-ਪੂਰਬ**
ਨਿਊ ਯਾਰਕ, NY

**ਮਿਡ-ਅਟਲਾਂਟਿਕ**
ਫਿਲਾਡੇਲਫੀਆ, PA

**ਦੱਖਣ-ਪੂਰਬ**
ਐਟਲਾਂਟਾ, GA

**ਮਿਡਵੈਸਟ**
ਸ਼ਿਕਾਗੋ, IL

**ਸਾਊਥਵੈਸਟ**
ਡੈਲਾਸ, TX

**ਸੈਂਟਰਲ**
ਕੈਂਸਾਸ ਸਿਟੀ, MO

**ਰਾਕੀ ਮਾਊਨਟੇਨ**
ਡੈਨਵਰ, CO

**ਵੈਸਟਰਨ**
ਲੌਸ ਐਂਜਲਸ, CA

**ਨਾਰਥਵੈਸਟ**
ਸੀਆਟਲ, WA

**CRS ਫੀਲਡ ਦਫਤਰ**
ਮਿਆਮੀ, FL
ਡੀਟ੍ਰੋਇਟ, MI
ਹਉਸਟਨ, TX
ਸੈਨ ਫ੍ਰਾਂਸਿਸਕੋ, CA




## ਸਾਨੂੰ ਲੱਭੋ, ਸਾਡੇ ਨਾਲ ਜੁੜੋ ▼

**www.justice.gov/crs**

facebook.com/DOJCRS/ | @DOJ_CRS | askcrs@usdoj.gov | 202.305.2935

ਇਸ ਪ੍ਰੋਗਰਾਮ ਜਾਂ ਹੋਰ CRS ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਕ CRS ਦਫ਼ਤਰ ਨਾਲ ਸੰਪਰਕ ਕਰੋ:
https://www.justice.gov/crs/about-crs/regional-and-field-offices